NZ ਤਸਵੀਰ NEWS
ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

The true picture of your local community
NZ ਤਸਵੀਰ NEWS
www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

RED CLEANING
0800 CLEANUS
Old & New Build House Cleaning (Inside & Outside)
Home Cleaning
Carpet Cleaning
Floor Polishing
Water Blaster
Lawn Mowing
Carpet Cleaning 3 Bedroom $ 120
ਹੋਮ ਕਲੀਨਿੰਗ
ਕਾਰਪੇਟ ਕਲੀਨਿੰਗ
ਫਲੋਰ ਪੋਲਿਸ਼ਿੰਗ
ਵਾਟਰ ਬਲਾਸਟਰ
ਲਾਅਨ ਮੋਵਿੰਗ
CONTACT RAJ : 021874730, 021874702, 0800 253 2687
www.redcleaning.co.nz

0 June 2019 Daily, editornztasveer@gmail.com designnztasveer@gmail.com Ph/Fax: 09 390 4644 FREE

# ਬਲਾਤਕਾਰ ਦਾ ਝੂਠਾ ਇਲਜਾਮ ਲਗਾਉਣ ਵਾਲੀ ਨੂੰ ਹੋਈ 11 ਮਹੀਨੇ ਦੀ ਸਜਾ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਈਰਖਾ ਦੀ ਅੱਗ ਵਿੱਚ ਪੁੱਜਦਾ ਇਨਸਾਨ ਕਈ ਵਾਰ ਆਪਣੇ ਬੁਣੇ ਜਾਲ ਵਿੱਚ ਆਪੇ ਹੀ ਫਸ ਜਾਂਦਾ ਹੈ। ਅਜਿਹਾ ਹੀ ਕੁਝ ਵਾਪਰਿਆ ਹੈ ਵਲਿੰਗਟਨ ਦੀ ਰਹਿਣ ਵਾਲੀ ਈਸ਼ਾ ਵਰਮਾ ਨਾਲ। ਕਿਸੇ ਆਪਸੀ ਤਕਰਾਰਬਾਜ਼ੀ ਤੋਂ ਬਾਅਦ ਈਸ਼ਾ ਦਾ ਪਾਰਟਨਰ ਉਸ ਨੂੰ ਛੱਡ ਕੇ ਚਲਾ ਗਿਆ ।ਈਸ਼ਾ ਇਸ ਗੱਲ ਨੂੰ ਲੈ ਕੇ ਕਾਫੀ ਪ੍ਰੇਸ਼ਾਨ ਸੀ ਅਤੇ ਉਹ ਆਪਣੇ ਸਾਬਕਾ ਪਾਰਟਨਰ ਤੋਂ ਬਦਲਾ ਲੈਣਾ ਚਾਹੁੰਦੀ ਸੀ ।ਜਿਸ ਦੇ ਚੱਲਦਿਆਂ ਉਸ ਨੇ ਆਪਣੇ ਸਾਬਕਾ ਪਾਰਟਨਰ ਉੱਤੇ ਬਲਾਤਕਾਰ ਦਾ ਝੂਠਾ ਦੋਸ਼ ਲਗਾ ਕੇ ਉਸ ਨੂੰ ਅਦਾਲਤ ਵਿੱਚ ਖਿੱਚ ਲਿਆ ।ਪੁਲਿਸ ਵੱਲੋਂ ਇਸ ਕੇਸ ਦੀ ਹਰ ਪੱਖ ਤੋਂ ਪੜਤਾਲ ਕੀਤੀ ਗਈ ਅਤੇ ਈਸ਼ਾ ਵਰਮਾ ਵੱਲੋਂ ਲਾਇਆ ਗਿਆ ਇਲਜ਼ਾਮ ਬਿਲਕੁਲ ਝੂਠਾ ਸਾਬਿਤ ਹੋਇਆ ।ਜਿਸ ਉੱਤੇ ਕਾਰਵਾਈ ਕਰਦਿਆਂ ਅੱਜ ਜ਼ਿਲ੍ਹਾ ਅਦਾਲਤ ਵਲਿੰਗਟਨ ਵੱਲੋਂ ਈਸ਼ਾ ਵਰਮਾ ਨੂੰ ਗਿਆਰਾਂ ਮਹੀਨੇ ਦੀ ਸਜ਼ਾ ਸੁਣਾਈ ਗਈ ।

# ਨਿਊਜੀਲੈਂਡ 'ਚ ਪੈਰਾ ਮੈਡੀਕਲ ਸਟਾਫ ਅਤੇ ਐਂਬੂਲੈਂਸ ਸਟਾਫ ਵੀ ਬਜਟ ਤੋਂ ਨਾ ਖੁਸ਼




ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਨਿਊਜੀਲੈਂਡ 'ਚ ਪੈਰਾ ਮੈਡੀਕਲ ਅਤੇ ਐਂਬੂਲੈਂਸ ਸਟਾਫ 6% ਵਧੀ ਤਨਖਾਹ ਤੋਂ ਨਾਖੁਸ਼ ਹੈ।ਤਨਖਾਹ ਵਧਾਉਣ ਲਈ ਅਤੇ ਸਰਕਾਰ ਵੱਲੋਂ ਸਿਹਤ ਵਿਭਾਗ ਨੂੰ 21 ਮਿਲੀਅਨ ਡਾਲਰ ਦੀ ਫੰਡਿੰਗ ਵਾਧਾ ਪ੍ਰਦਾਨ ਕੀਤਾ ਹੈ। ਪਰ ਸਿਹਤ ਵਿਭਾਗ ਦੇ ਕਰਮਚਾਰੀ ਇਸ ਨੂੰ ਬਹੁਤ ਘੱਟ ਆਖ ਰਹੇ ਹਨ। ਲਗਭਗ 1000 ਪੈਰਾ ਮੈਡੀਕਲ ਜੋ ਯੂਨੀਅਨ ਦੇ ਮੈਂਬਰ ਹਨ, ਇਸ ਹਫ਼ਤੇ ਸਟਾਫ ਦੀ ਕਮੀ ਅਤੇ ਹੋਰ ਸਹੂਲਤਾਂ ਦੀ ਘਾਟ ਨੂੰ ਲੈ ਕੇ ਹੜਤਾਲ ਕਰ ਸਕਦੇ ਹਨ। ਸਰਕਾਰ ਦਾ ਕਹਿਣਾ ਹੈ ਕਿ ਅਗਲੇ ਦੋ ਸਾਲਾਂ ਵਿੱਚ ਐਂਬੂਲੈਸ ਸਟਾਫ ਨੂੰ 6.5 ਫੀ ਸਦੀ ਦੀ ਤਨਖਾਹ ਵਿੱਚ ਵਾਧਾ ਪ੍ਰਾਪਤ ਹੋਵੇਗਾ।

# ਨਿਊਜੀਲੈਂਡ 'ਚ 90% ਸਮੁੰਦਰੀ ਪੰਛੀਆਂ ਦੀ ਘੱਟ ਰਹੀ ਹੈ ਸੰਖਿਆ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਉੱਤਰੀ ਨਿਊਜ਼ੀਲੈਂਡ ਦੇ ਸਮੁੰਦਰੀ ਪੰਛੀਆਂ ਦੀ ਸੰਖਿਆ ਦਿਨੋ ਦਿਨ ਘੱਟ ਹੋ ਰਹੀ ਹੈ। ਵਿਗਿਆਨੀਆਂ ਦਾ ਮੰਨਣਾ ਹੈ ਕਿ 90 ਫ਼ੀਸਦੀ ਤੱਕ ਇਨ੍ਹਾ ਦੀ ਕਮੀ ਦਾ ਖ਼ਤਰਾ ਹੈ। ਇਸ ਦਾ ਖੁਲਾਸਾ ਇਕ ਨਵੀਂ ਰਿਪੋਰਟ ਵਿਚ ਹੋਇਆ ਹੈ।
ਉੱਤਰੀ ਨਿਊਜ਼ੀਲੈਂਡ ਸੇਬੀਬਰ ਟਰੱਸਟ ਦੀ ਇੱਕ ਪ੍ਰਮੁੱਖ ਸਮੀਖਿਆ ਨੇ ਅੱਜ ਰਿਲੀਜ਼ ਕੀਤੀ ਰਿਪੋਰਟ ਵਿੱਚ ਕਿਹਾ ਕਿ ਉੱਤਰੀ ਨਿਊਜ਼ੀਲੈਂਡ ਵਿੱਚ ਸਮੁੰਦਰੀ ਪੰਛੀਆਂ ਦੀ ਕਮੀ ਦਾ ਮੁੱਖ ਕਾਰਨ ਵਾਤਾਵਰਨ ਦੀ ਤਬਦੀਲੀ ਅਤੇ ਮਨੁੱਖਾਂ ਦੁਆਰਾ ਮਾਰੇ ਜਾਣਾ ਵੀ ਹੈ। ਔਕਲੈਂਡ ਯੂਨੀਵਰਸਿਟੀ ਦੇ ਡਾਕਟਰ ਐਡਿਨ ਵਾਈਟਹੈਡ ਨੇ ਕਿਹਾ, "ਸਾਨੂੰ ਪਹਿਲਾਂ ਇਹ ਸਮਝਣਾ ਚਾਹੀਦਾ ਹੈ ਕਿ ਇਨ੍ਹਾਂ ਸਮੁੰਦਰੀ ਪੰਛੀਆਂ ਗਿਣਤੀ ਘੱਟ ਕਿਉਂ ਰਹੀ ਹੈ। ਫਿਰ ਹੀ ਉਨ੍ਹਾਂ ਦੀ ਸੰਭਾਲ 'ਤੇ ਕੰਮ ਕਰਨ ਲਈ ਇੱਕ ਬੇਸਲਾਈਨ ਸਥਾਪਿਤ ਕੀਤੀ ਜਾ ਸਕਦੀ ਹੈ।

# ਨੌਜਵਾਨ ਫੈਸ਼ਨ ਲਈ ਪੀਂਦੇ ਹਨ ਈ-ਸਿਗਰਟ : ਸਰਵੇ



ਈ-ਸਿਗਰਟ ਨਾਲ ਸਿਹਤ ਨੂੰ ਹੋਣ ਵਾਲੇ ਨੁਕਸਾਨ ਦੇ ਬਾਵਜੂਦ ਲੋਕਾਂ 'ਚ ਤੇਜ਼ੀ ਨਾਲ ਇਸ ਦਾ ਚਲਣ ਵਧ ਰਿਹਾ ਹੈ। ਮੁੰਬਈ 'ਚ ਇਸ ਦੇ ਸੇਵਨ ਨੂੰ ਲੈ ਕੇ ਕੀਤੇ ਗਏ ਇਕ ਸਰਵੇ ਮੁਤਾਬਕ ਜ਼ਿਆਦਾਤਰ ਨੌਜਵਾਨ ਈ-ਸਿਗਰਟ ਦਾ ਸੇਵਨ ਸਿਰਫ ਦਿਖਾਵੇ ਲਈ ਕਰਦੇ ਹਨ। ਕਈਆਂ ਨੂੰ ਤਾਂ ਇਸ ਦੇ ਮਾੜੇ ਪ੍ਰਭਾਵਾਂ ਬਾਰੇ ਜਾਣਕਾਰੀ ਨਹੀਂ ਹੈ। ਇਹ ਗੱਲਾਂ ਸਾਹਮਣੇ ਆਈਆਂ ਹਨ ਕਿ ਤੰਬਾਕੂ ਕੰਟਰੋਲ ਲਈ ਕੰਮ ਕਰਨ ਵਾਲੀ ਸੰਸਥਾ ਸਲਾਮ ਬਾਂਬੇ ਫਾਊਂਡੇਸ਼ਨ ਦੇ ਸਰਵੇ 'ਚ। ਵਰਲਡ ਨੋ ਟੋਬੈਕੋ ਡੇ ਤੋਂ ਪਹਿਲਾਂ ਮਹਾਨਗਰ 'ਚ ਤੰਬਾਕੂ ਸੇਵਨ ਦੇ ਇਸ ਨਵੇਂ ਚਲਣ ਨੂੰ ਸਮਝਣ ਲਈ ਸੰਸਥਾ ਨੇ ਮੁੰਬਈ ਦੇ 300 ਤੋਂ ਵੱਧ ਨੌਜਵਾਨਾਂ 'ਤੇ ਇਕ ਸਰਵੇ ਕੀਤਾ, ਜਿਸ ਦੇ ਨਤੀਜੇ ਹੋਸ਼ ਉਡਾਉਣ ਵਾਲੇ ਹਨ। ਸਰਵੇ 'ਚ ਹਿੱਸਾ ਲੈਣ ਵਾਲਿਆਂ ਵਿਚੋਂ 73 ਫੀਸਦੀ ਲੋਕ ਈ-ਸਿਗਰਟ, ਜਿਸ ਨੂੰ ਨਿਕੋਟੀਨ ਡਲਿਵਰੀ ਸਿਸਟਮ (ਈ.ਐੱਨ.ਡੀ.ਐੱਸ.) ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ, ਦੇ ਬਾਰੇ ਪਹਿਲਾਂ ਤੋਂ ਜਾਣਦੇ ਸਨ। ਇਸ ਵਿਚੋਂ 33 ਫੀਸਦੀ ਨੌਜਵਾਨਾਂ ਨੇ ਕਦੇ ਨਾ ਕਦੇ ਇਸ ਦੇ ਸੇਵਨ ਕਰਨ ਦੀ ਗੱਲ ਕਹੀ ਹੈ। 56 ਫੀਸਦੀ ਨੌਜਵਾਨਾਂ ਨੂੰ ਲੱਗਦਾ ਹੈ ਕਿ ਈ-ਸਿਗਰਟ ਦੂਸਰੇ ਕਿਸੇ ਤੰਬਾਕੂ ਉਤਪਾਦਾਂ ਦੀ ਤੁਲਨਾ 'ਚ ਘੱਟ ਨੁਕਸਾਨਦਾਇਕ ਹੈ। ਦਿਖਾਵਾ ਬਣ ਰਹੀ ਆਦਤ ਸਲਾਮ ਬਾਂਬੇ ਦੀ ਪ੍ਰੀਵੈਂਟਿਵ ਹੈਲਥ ਤੇ ਰਿਸਰਚ ਵਿਭਾਗ ਦੀ ਉਪ ਪ੍ਰਧਾਨ ਟੀ. ਭੂਟੀਆ ਨੇ ਦੱਸਿਆ ਕਿ ਨੌਜਵਾਨਾਂ 'ਚ ਈ-ਸਿਗਰਟ ਨੂੰ ਲੈ ਕੇ ਦਿਖਾਵਾ ਉਨ੍ਹਾਂ ਦੀ ਆਦਤ ਬਣ ਰਹੀ ਹੈ। ਸ਼ੁਰੂਆਤ 'ਚ ਲੋਕ ਇਸ ਦਾ ਸੇਵਨ ਸਿਰਫ ਦਿਖਾਵੇ ਲਈ ਕਰਦੇ ਹਨ ਪਰ ਕਦੋਂ ਇਸ ਦੀ ਆਦਤ ਪੈ ਜਾਂਦੀ ਹੈ, ਪਤਾ ਵੀ ਨਹੀਂ ਲੱਗਦਾ। ਇਕ ਵਾਰ ਗ੍ਰਿਫਤ 'ਚ ਆਉਣ ਤੋਂ ਬਾਅਦ ਈ-ਸਿਗਰਟ ਨਾਲੋਂ ਆਮ ਸਿਗਰਟ ਵੱਲ ਮੁੜ ਜਾਂਦੇ ਹਨ। ਸਰਵੇ 'ਚ ਅਸੀਂ ਪਾਇਆ ਕਿ ਈ-ਸਿਗਰਟ ਦਾ ਸੇਵਨ ਕਰਨ ਵਾਲੇ ਜ਼ਿਆਦਾਤਰ ਨੌਜਵਾਨ ਇਸ ਤੋਂ ਪਹਿਲਾਂ ਕਿਸੇ ਵੀ ਤਰ੍ਹਾਂ ਦੇ ਤੰਬਾਕੂ ਉਤਪਾਦਾਂ ਦਾ ਸੇਵਨ ਨਹੀਂ ਕਰਦੇ ਸਨ। ਮਤਲਬ ਸਾਫ ਹੈ ਕਿ ਈ-ਸਿਗਰਟ ਸਿਗਰਟਨੋਸ਼ੀ ਅਤੇ ਤੰਬਾਕੂ ਉਤਪਾਦਾਂ ਦੇ ਸੇਵਨ ਲਈ ਐਂਟਰੀ ਪੁਆਇੰਟ ਬਣ ਰਹੀ ਹੈ।

## ਕੁੰਵਰ ਵਿਜੈ ਪ੍ਰਤਾਪ ਦੀ ਵਾਪਸੀ ਤੋਂ ਬਾਦਲ ਨਹੀਂ ਖੁਸ਼, ਬੋਲੇ ਕੈਪਟਨ ਫਸਾਉਣਾ ਚਾਹੁੰਦੇ

ਬਠਿੰਡਾ : ਚੋਣ ਜ਼ਾਬਤਾ ਖਤਮ ਹੁੰਦਿਆਂ ਹੀ ਬੇਅਦਬੀ ਤੇ ਗੋਲ਼ੀ ਕਾਂਡ ਮਾਮਲੇ ਦੀ ਜਾਂਚ ਕਰ ਰਹੇ ਆਈਜੀ ਕੁੰਵਰ ਵਿਜੈ ਪ੍ਰਤਾਪ ਸਿੰਘ ਦੀ ਮੁੜ ਬਹਾਲੀ ਹੋਣ 'ਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਖੁਸ਼ ਨਹੀਂ ਹਨ।ਉਨ੍ਹਾਂ ਨੇ ਕਿਹਾ ਕਿ ਚੋਣ ਕਮਿਸ਼ਨ ਸੰਵਿਧਾਨਕ ਬਾਡੀ ਹੈ। ਉਨ੍ਹਾਂ ਕੁੰਵਰ ਵਿਜੈ ਪ੍ਰਤਾਪ ਨੂੰ ਗ਼ਲਤ ਹੋਣ ਕਰਕੇ ਹੀ ਅਹੁਦੇ ਤੋਂ ਹਟਾਇਆ ਸੀ ਪਰ ਕੈਪਟਨ ਅਮਰਿੰਦਰ ਸਿੰਘ ਉਨ੍ਹਾਂ ਨੂੰ ਫਸਾਉਣਾ ਚਾਹੁੰਦੇ ਹਨ। ਬਾਦਲ ਨੇ ਕਿਹਾ ਕਿ ਇਸੇ ਕਰਕੇ ਹੀ ਕੈਪਟਨ ਮੁੜ ਕੁੰਵਰ ਵਿਜੈ ਪ੍ਰਤਾਪ ਨੂੰ ਲੈ ਕੇ ਆਏ ਹਨ। ਉਨ੍ਹਾਂ ਕਿਹਾ ਕਿ ਉਹ ਪਹਿਲਾਂ ਵੀ ਇਸ ਦਾ ਵਿਰੋਧ ਕਰਦੇ ਸਨ ਤੇ ਹੁਣ ਵੀ ਵਿਰੋਧ ਹੀ ਕਰਦੇ ਹਨ। ਬਾਦਲ ਅੱਜ ਹਲਕਾ ਲੰਬੀ ਦੇ ਵੱਖ-ਵੱਖ ਪਿੰਡਾਂ ਵਿੱਚ ਧੰਨਵਾਦੀ ਦੌਰਾ ਕਰਨ ਪੁੱਜੇ ਹੋਏ ਸਨ। ਇਸ ਦੌਰਾਨ ਮੀਡੀਆ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਾਂਗਰਸ ਪਾਰਟੀ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਤੇ ਕੌਮੀ ਪ੍ਰਧਾਨ ਰਾਹੁਲ ਗਾਂਧੀ ਦੇ ਅਸਤੀਫੇ ਨੂੰ ਮਹਿਜ਼ ਨਾਟਕ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਇਹ ਪਹਿਲਾਂ ਆਪ ਹੀ ਅਸਤੀਫ਼ਾ ਭੇਜ ਦਿੰਦੇ ਹਨ। ਫੇਰ ਵਰਕਿੰਗ ਕਮੇਟੀ ਨੂੰ ਅਸਤੀਫ਼ਾ ਨਾ-ਮਨਜ਼ੂਰ ਕਰਨ ਦਾ ਕਹਿ ਦਿੰਦੇ ਹਨ।

# ਅਕਾਲੀ ਦਲ ਅੰਦਰ ਮੁੜ ਬਗਾਵਤ, ਹਾਰ 'ਤੇ ਉੱਠਣ ਲੱਗੇ ਸਵਾਲ

ਚੰਡੀਗੜ੍ਹ : ਲੋਕ ਸਭਾ ਚੋਣਾਂ ਵਿੱਚ ਸਿਰਫ ਦੋ ਸੀਟਾਂ 'ਤੇ ਸਿਮਟ ਜਾਣ ਮਗਰੋਂ ਸ਼੍ਰੋਮਣੀ ਅਕਾਲੀ ਦਲ ਅੰਦਰ ਮੁੜ ਖਾਨਾਜੰਗੀ ਤੇਜ਼ ਹੋ ਗਈ ਹੈ। ਦਿੱਲੀ ਗੁਰਦੁਆਰਾ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀਕੇ ਨੇ ਤਿੱਖੇ ਸਵਾਲ ਉਠਾਉਂਦਿਆਂ ਸਿੱਖ ਕੌਮ ਦੇ ਨਾਂ ਖੁੱਲ੍ਹੀ ਚਿੱਠੀ ਲਿਖੀ ਹੈ। ਇਸ ਚਿੱਠੀ ਵਿੱਚ ਉਨ੍ਹਾਂ ਨੇ ਪਾਰਟੀ ਲੀਡਰਸ਼ਿਪ 'ਤੇ ਸਵਾਲ ਉਠਾਇਆ ਹੈ। ਇਸ ਮਗਰੋਂ ਪਾਰਟੀ ਜੀਕੇ ਖਿਲਾਫ ਐਕਸ਼ਨ ਲੈਣ ਦੀ ਗੱਲ ਕਰ ਰਹੀ ਹੈ ਪਰ ਸਾਬਕਾ ਪ੍ਰਧਾਨ ਦਾ ਕਹਿਣਾ ਹੈ ਕਿ ਉਹ ਤਾਂ ਪਹਿਲਾਂ ਹੀ ਸਾਰੇ ਅਹੁਦਿਆਂ ਅਸਤੀਫੇ ਦੇ ਦਿੱਤੇ ਹਨ। ਮੰਨਿਆ ਜਾ ਰਿਹਾ ਹੈ ਕਿ ਅਕਾਲੀ ਦਲ ਅੰਦਰ ਇਸ ਗੱਲ ਨੂੰ ਲੈ ਕੇ ਵੀ ਚਰਚਾ ਹੈ ਕਿ ਬਾਦਲ ਪਰਿਵਾਰ ਨੇ ਆਪਣੀਆਂ ਦੋਵੇਂ ਸੀਟਾਂ ਜਿੱਤਣ ਲਈ ਸਾਰਾ ਟਿੱਲ ਲਾ ਦਿੱਤਾ ਜਿਸ ਕਰਕੇ ਦੂਜੀਆਂ ਸੀਟਾਂ 'ਤੇ ਲੋੜੀਂਦਾ ਧਿਆਨ ਨਹੀਂ ਦਿੱਤਾ ਜਾ ਸਕਿਆ। ਦੇਸ਼ ਵਿੱਚ ਮੋਦੀ ਲਹਿਰ ਤੇ ਕੈਪਟਨ ਸਰਕਾਰ ਖਿਲਾਫ ਲੋਕ ਰੋਹ ਹੋਣ ਦੇ ਬਾਵਜੂਦ ਅਕਾਲੀ ਦਲ ਚੰਗੀ ਕਾਰਗੁਜ਼ਾਰੀ ਨਹੀਂ ਵਿਖਾ ਸਕਿਆ। ਅਗਲੇ ਦਿਨਾਂ ਦੌਰਾਨ ਅਕਾਲੀ ਦਲ ਅੰਦਰ ਹੋਰ ਹਿੱਲਜੁਲ ਹੋਣ ਦੇ ਆਸਾਰ ਹਨ। ਜੀਕੇ ਨੇ ਚਿੱਠੀ ਵਿੱਚ ਲਿਖਿਆ ਹੈ ਕਿ ਪੰਜਾਬ 'ਚ 2019 ਵਿੱਚ ਹੋਈਆਂ ਸੰਸਦੀ ਚੋਣਾਂ ਦੇ ਨਤੀਜਿਆਂ 'ਤੇ ਪੱਤਰਕਾਰ ਇਸ ਵਿਸ਼ਲੇਸ਼ਣ ਨਾਲ ਸਾਹਮਣੇ ਆਏ ਹਨ ਕਿ ਸਿੱਖਾਂ ਨੇ ਆਪਣੀ ਨੁਮਾਇੰਦਾ ਪਾਰਟੀ ਖ਼ਿਲਾਫ਼ ਆਪਣੀਆਂ ਸ਼ਿਕਾਇਤਾਂ ਵਿਖਾਉਂਦੇ ਹੋਏ ਅਕਾਲੀ ਉਮੀਦਵਾਰਾਂ ਨੂੰ ਨਾਂ-ਪੱਖੀ ਵੋਟ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ਸਮਾਂ ਸਿੱਖ ਬੁੱਧੀਜੀਵੀਆਂ ਵਿੱਚ ਚਰਚਾ ਕਰਨ ਤੇ ਨਤੀਜਿਆਂ ਦਾ ਠੀਕ ਵਿਸ਼ਲੇਸ਼ਨ ਕਰਨ ਤੇ ਅਕਾਲੀ ਦਲ ਦੇ ਭਵਿੱਖ ਨੂੰ ਬਚਾਉਣ ਦੇ ਉਪਰਾਲਿਆਂ ਲਈ ਸੁਝਾਉ ਦੇਣ ਦਾ ਹੈ। ਉਨ੍ਹਾਂ ਕਿਹਾ ਕਿ ਕੈਪਟਨ ਸਰਕਾਰ ਖ਼ਿਲਾਫ਼ ਸੱਤਾ ਵਿਰੋਧੀ ਮਾਹੌਲ ਸੀ, ਜਿਸ ਨੂੰ ਅਕਾਲੀ ਦਲ ਨੇ ਜਨਤਕ ਵੀ ਕੀਤਾ ਸੀ। ਇਸ ਦੇ ਨਾਲ ਹੀ ਕੈਪਟਨ ਵੱਲੋਂ ਗੁਟਕਾ ਸਾਹਿਬ ਉੱਤੇ ਸਹੁੰ ਲੈਣ ਦੇ ਮੁੱਦੇ ਨੂੰ ਵੀ ਪਾਰਟੀ ਨੇ ਪ੍ਰਗਟ ਕੀਤਾ ਸੀ। ਅਮਰਿੰਦਰ ਸਰਕਾਰ ਖ਼ਿਲਾਫ਼ ਸੱਤਾ ਵਿਰੋਧੀ ਮਾਹੌਲ ਵੀ 1952 ਦੀਆਂ ਚੋਣਾਂ ਤੋਂ ਬਾਅਦ ਪਾਰਟੀ ਨਾਲ ਹਮੇਸ਼ਾ ਵਫਾਦਾਰ ਰਹੇ ਰਿਵਾਇਤੀ ਅਕਾਲੀ ਖੰਡਾਂ ਵਿੱਚ ਸਿੱਖ ਵੋਟਰਾਂ ਨੂੰ ਵਾਪਸ ਪਾਰਟੀ ਨਾਲ ਜੋੜਨ 'ਚ ਸਹਾਇਕ ਨਹੀਂ ਹੋਏ।

**ਸਮਝੋ ਜ਼ਰਾ ਹੱਟ ਕੇ**

## ਵਰਜੀਨਿਆ ਯੂਨੀਵਰਸਿਟੀ ਦੇ ਮਨੋਵਿਗਿਆਨੀਆਂ ਨੇ ਕੀਤਾ ਇੱਕ ਅਨੋਖਾ ਸਰਵੇਖਣ

# ਮੰਮੀ ਨਾਲ ਬਹਿਸ ਕਰਨਾ ਵੀ ਹੈ ਚੰਗੀ ਗੱਲ

ਲੰਡਨ : ਮਾਂਪਿਆਂ ਦੀ ਸ਼ਿਕਾਇਤ ਹੁੰਦੀ ਹੈ ਉਨ੍ਹਾਂ ਦੇ ਨੌਜਵਾਨ ਬੱਚੇ ਅਕਸਰ ਉਨ੍ਹਾਂ ਨਾਲ ਬਹਿਸ ਕਰਦੇ ਹਨ। ਦਰਅਸਲ ਇਹ ਇੰਨਾ ਬੁਰਾ ਵੀ ਨਹੀਂ ਹੈ। ਕਦੇ ਕਦੇ ਬੱਚੇ ਦਾ ਮਾਂ ਬਾਪ ਨਾਲ ਬਹਿਸ ਕਰਨ ਵੀ ਚੰਗਾ ਹੁੰਦਾ ਹੈ। ਇੱਕ ਨਵੇਂ ਅਧਿਐਨ ਦੇ ਅਨੁਸਾਰ ਅਜਿਹੇ ਕਿਸ਼ੋਰ ਜੋ ਆਪਣੀ ਮਾਂ ਨਾਲ ਜ਼ਿਆਦਾ ਬਹਿਸ ਕਰਦੇ ਹਨ ਉਹ ਮਾਨਸਿਕ ਰੂਪ ਨਾਲ ਜ਼ਿਆਦਾ ਮਜ਼ਬੂਤ ਬਣਦੇ ਹਨ। ਅਜਿਹੇ ਨੌਜਵਾਨਾਂ ਨੇ ਆਪਣਾ ਦੋਸਤਾਂ ਦੇ ਦਬਾਅ ਵਿਚ ਨਸ਼ੇ ਅਤੇ ਸ਼ਰਾਬ ਦੀ ਵੱਲ ਜਾਣ ਦੀ ਸੰਭਾਵਨਾ ਹੁੰਦੀ ਹੈ। ਮਨੋਵਿਗਿਆਨੀਆਂ ਦਾ ਮੰਨਣਾ ਹੈ ਕਿ ਆਪਣੀ ਭਾਵਨਾਵਾਂ ਨੂੰ ਅੰਦਰ ਰੱਖਣ ਦੇ ਕਾਰਨ ਮਾਂਪੇ ਖਾਸ ਕਰ ਕੇ ਮਾਂ ਨਾਲ ਖੁੱਲ੍ਹ ਕੇ ਗੱਲ ਕਰਨਾ ਨੌਜਵਾਨਾਂ ਲਈ ਬੇਹੱਦ ਫਾਇਦੇ ਬੰਦ ਹੈ।

**ਅਜਿਹੇ ਨੌਜਵਾਨਾਂ ਦੇ ਭਵਿੱਖ ਵਿਚ ਨਿਕਲਣ ਅਤੇ ਬੁਰੀ ਅਦਤਾਂ ਤੋਂ ਬਚਣ ਦੇ ਹੁੰਦੀ ਹੈ ਵਧੇਰੇ ਸੰਭਾਵਨਾ**



ਵਰਜੀਨੀਆ ਯੂਨੀਵਰਸਿਟੀ ਦੇ ਵੱਲੋਂ ਕੀਤੇ ਗਏ ਸੰਯੁਕਤ ਸਰਵੇਖਣ ਵਿਚ ਇਹ ਗੱਲ ਵੀ ਸਾਹਮਣੇ ਆਈ ਹੈਕਿ ਨੌਜਵਾਨਾਂ ਨੂੰ ਮਾਂ ਦੇ ਪਿਆਰ ਨਾਲਹੋਈ ਗੱਲ ਦਾ ਜ਼ਿਆਦਾ ਲਾਭ ਗਰਮਾਗਰਮ ਬਹਿਸ ਨਾਲ ਪਹੁੰਚਦਾ ਹੈ। ਜੇਕਰ ਕੋਈ ਸ਼ਿਕਾਇਤ ਆਪਣੇ ਦੋਸਤਾਂ ਜਾਂ ਪ੍ਰੇਮੀ ਜਾਂ ਪ੍ਰੇਮਿਕਾ ਜਾਂ ਖ਼ਰਾਬ ਨੰਬਰਾਂ ਦੇ ਬਾਰੇ ਵਿਚ ਆਪਣੀ ਮਾਂ ਨਾਲ ਬਹਿਸ ਵਿਚ ਅਪਾਣੇ ਪੱਖ ਰੱਖ ਸਕਦਾ ਹੈ ਤ ਉਸਦੇ ਆਪਣੇ ਸਾਥੀਆਂ ਦੇ ਦਬਾਅ ਵਿਚ ਬੁਰੀ ਆਦਤਾਂ ਪਾਲਣ ਦੀ ਸੰਭਾਵਨਾ ਘੱਟ ਹੁੰਦੀ ਹੈ। ਵਿਗਿਆਨੀਆਂ ਦੇ ਮੁਤਾਬਕ ਬਹਿਸ ਕਰਨਾ ਗੱਲ ਨਾ ਕਰਨ ਤੋਂ ਬਹਿਤਰ ਹੈ। ਸਰਵੇਖਣ ਦੇ ਮੁਤਾਬਕ ਮਾਂ ਨਾਲ ਬਹਿਸ ਕਰਨਾ ਪਿਤਾ ਜਾਂ ਕਿਸੇ ਹੋਰ ਪਰਿਵਾਰਕ ਮੈਂਬਰ ਦੇ ਮੁਕਾਬਲੇ ਬਹਿਤਰ ਹੈ। ਕਿਸ਼ੋਰ ਮਾਂ ਨਾਲ ਬਹਿਸ ਕਰਦੇ ਸਮੇਂ ਜ਼ਿਆਦਾ ਸਮਝਦਾਰ ਤਰਕ ਰੱਖਦੇ ਹਨ ਜਦੋਂਕਿ ਹੋਰ ਲੋਕਾਂ ਨਾਲ ਬਹਿਸ ਕਰਦੇ ਸਮੇਂ ਚਿਲਾਉਂਦੇ ਹਨ।